**ਵਿਸ਼ਾ: ਪੰਜਾਬ ਵਿਧਾਨ ਸਭਾ ਦੇ ਸੱਤਵੇਂ ਸਮਾਗਮ ਦੀਆਂ ਅਗਲੀਆਂ ਬੈਠਕਾਂ ਮਾਰਚ, 2025 ਦੌਰਾਨ ਹਾਊਸ ਵਿੱਚ 4K Curved LED Wall ਲਗਵਾਉਣ ਸਬੰਧੀ।**

ਪੰਜਾਬ ਵਿਧਾਨ ਸਭਾ ਦੇ ਮਿਤੀ 21.03.2025 ਤੋਂ ਸ਼ੁਰੂ ਹੋ ਰਹੇ ਬਜਟ ਸਮਾਗਮ ਲਈ ਮਾਣਯੋਗ ਸਪੀਕਰ ਸਾਹਿਬ ਵੱਲੋਂ ਦੋ 4K Curved LED Wall ਲਗਵਾਉਣ ਲਈ ਓਪਨ ਮਾਰਕੀਟ ਵਿੱਚੋਂ ਕੁਟੇਸ਼ਨਾਂ ਮੰਗਵਾਉਣ ਲਈ ਮਿਤੀ 17.3.2025 ਨੂੰ ਹੁਕਮ ਦਿੱਤੇ ਗਏ ਹਨ। ਮਾਣਯੋਗ ਸਪੀਕਰ ਸਾਹਿਬ ਜੀ ਦੇ ਹੁਕਮ ਅਨੁਸਾਰ ਦੋ 4K Curved LED Wall ਲਗਵਾਉਣ ਲਈ ਕੁਟੇਸ਼ਨਾਂ ਮੰਗਵਾਉਣ ਵਾਸਤੇ ਸਕੱਤਰ ਜੀ ਵੱਲੋਂ ਬਣਾਈ ਗਈ ਕਮੇਟੀ ਜਿਸ ਵਿੱਚ ਈ.ਡੀ., ਡੀ.ਡੀ.ਓ, ਸਿਸਟਮ ਐਨਾਲਿਸਟ ਅਤੇ ਕੇਅਰ ਟੇਕਰ ਹਨ, ਦੀ ਮਿਤੀ 17.3.2025 ਨੂੰ ਬਾਅਦ ਦੁਪਹਿਰ 4.00 ਵਜੇ ਐਡੀਟਰ ਆਫ ਡਿਬੇਟਸ ਦੇ ਕਮਰੇ ਵਿੱਚ ਮੀਟਿੰਗ ਹੋਈ, ਜਿਸ ਵਿੱਚ ਨਿਮਨ ਮੈਂਬਰ ਹਾਜ਼ਰ ਹੋਏ

1. ਸ੍ਰੀ ਜਸਵਿੰਦਰ ਸਿੰਘ, ਐਡੀਟਰ ਆਫ ਡਿਬੇਟਸ
2. ਸ੍ਰੀਮਤੀ ਰਿਤੂ ਸਹਿਗਲ, ਅਧੀਨ ਸਕੱਤਰ (ਆਰ)
3. ਸ੍ਰੀ ਸੁਜੀਤ ਕੁਮਾਰ, ਸਿਸਟਮ ਐਨਾਲਿਸਟ
4. ਸ੍ਰੀ ਵਿਜੇ ਕੁਮਾਰ, ਕੇਅਰ ਟੇਕਰ

**ਇਸ ਮੀਟਿੰਗ ਵਿੱਚ ਨਿਮਨ ਅਨੁਸਾਰ ਫੈਸਲੇ ਲਏ ਗਏ :**

1. ਓਪਨ ਮਾਰਕੀਟ ਤੋਂ ਕੁਟੇਸ਼ਨਾਂ ਸਕੱਤਰ ਸਾਹਿਬ ਜੀ ਨੂੰ ਸੰਬੋਧਨ ਕਰਦੇ ਹੋਏ ਬੰਦ ਲਿਫਾਫੇ ਵਿੱਚ ਮੰਗਵਾ ਲਈਆਂ ਜਾਣ ਕਿਉਂਕਿ ਸੈਸ਼ਨ ਮਿਤੀ 21.3.2025 ਤੋਂ ਸ਼ੁਰੂ ਹੋ ਰਿਹਾ ਹੈ।
2. ਕੁਟੇਸ਼ਨਾਂ ਸਬੰਧੀ ਸੂਚਨਾ ਵਿਧਾਨ ਸਭਾ ਦੀ ਵੈੱਬਸਾਈਟ ਦੇ ਨੋਟਿਸ ਸੈਕਸ਼ਨ ਵਿੱਚ ਅਪਲੋਡ ਕਰ ਦਿੱਤੀ ਜਾਵੇ।

**ਕੁਟੇਸ਼ਨਾਂ ਮੰਗਵਾਉਣ ਸਬੰਧੀ ਨਿਮਨ ਸ਼ਰਤਾਂ ਦਰਜ ਕਰ ਲਈਆਂ ਜਾਣ :**

1. ਵੈਂਡਰ Curvered shape video wall ਮਿਤੀ 20.3.2025 ਨੂੰ ਹਰ ਹਾਲਤ ਵਿੱਚ ਹਾਊਸ ਵਿੱਚ ਇੰਸਟਾਲ ਕਰਕੇ ਅਤੇ ਉਨ੍ਹਾਂ ਨੂੰ ਐਕਟਿਵ ਕਰਨਾ ਯਕੀਨੀ ਬਣਾਏਗਾ।
2. ਸਕਰੀਨਾਂ ਨੂੰ ਵਿਧਾਨ ਸਭਾ ਪਹੁੰਚਾਉਣ ਲਈ ਟਰਾਂਸਪੋਰਟ ਚਾਰਜਿਜ਼ ਵੈਂਡਰ ਦੇ ਆਪਣੇ ਹੋਣਗੇ।
3. ਪੂਰੇ ਸੈਸ਼ਨ ਦੌਰਾਨ ਸਕਰੀਨਾਂ ਨੂੰ ਨਿਰਵਿਘਨ ਐਕਟੀਵੇਟ ਰੱਖਣ ਦੀ ਜ਼ਿੰਮੇਵਾਰੀ ਵੈਂਡਰਾਂ ਦੀ ਹੋਵੇਗੀ।
4. ਹਰ ਰੋਜ਼ ਸੈਸ਼ਨ ਸ਼ੁਰੂ ਹੋਣ ਤੋਂ ਘੱਟੋ-ਘੱਟ 02 ਘੰਟੇ ਪਹਿਲਾਂ ਇਹ ਸਕਰੀਨਾਂ ਐਕਟੀਵੇਟ ਹੋ ਜਾਣੀਆਂ ਚਾਹੀਦੀਆਂ ਹਨ।

5. ਵੈਂਡਰ ਦਾ ਸੈਸ਼ਨ ਦੌਰਾਨ ਘੱਟੋ-ਘੱਟ ਇੱਕ ਐਕਸਪਰਟ ਵਿਧਾਨ ਸਭਾ ਵਿੱਚ ਮੌਜੂਦ ਰਹੇਗਾ।
6. ਸਕਰੀਨਾਂ ਦਾ ਸਾਈਜ਼ 8X10 ਫੁੱਟ ਹੋਣਾ ਚਾਹੀਦਾ ਹੈ।
7. Video walls ਨਿਰਵਿਘਨ ਐਕਟੀਵੇਟ ਰੱਖਣ ਦਾ ਰੇਂਟ daily basis ਤੇ ਹੋਵੇਗਾ।
8. ਜਿਸ ਵੈਂਡਰ ਕੋਲ ਇਸ ਸਬੰਧੀ ਕਿਸੇ ਵੀ ਵਿਧਾਨ ਸਭਾ ਵਿੱਚ ਇਹ video wall ਲਗਵਾਉਣ ਦਾ ਤਜਰਬਾ ਹੋਵੇਗਾ ਅਤੇ ਉਸ ਦੇ ਰੇਟ ਘੱਟ ਹੋਣਗੇ, ਉਸ ਨੂੰ ਪਹਿਲ ਦਿੱਤੀ ਜਾਵੇਗੀ।
9. ਵੈਂਡਰ ਹਾਊਸ ਵਿੱਚ ਇਸ ਢੰਗ ਨਾਲ video wall ਲਗਾਏਗਾ ਜਿਸ ਨਾਲ ਗੈਲਰੀਆਂ ਵਿੱਚ ਬੈਠੇ ਵਿਅਕਤੀਆਂ ਨੂੰ ਹਾਊਸ ਦੇਖਣ ਵਿੱਚ ਕੋਈ ਪਰੇਸ਼ਾਨੀ ਨਾ ਆਵੇ।

ਜਿਹੜੇ ਵੈਂਡਰ ਉਕਤ ਸ਼ਰਤਾਂ ਨਾਲ ਸਹਿਮਤ ਹੋਣ, ਉਨ੍ਹਾਂ ਦੀਆਂ ਕੁਟੇਸ਼ਨਾਂ ਮਿਤੀ 19 ਮਾਰਚ, 2025 ਨੂੰ 11.00 ਵਜੇ ਸਵੇਰ ਤੋਂ ਪਹਿਲਾਂ ਪਹਿਲਾਂ ਰਜਿਸਟਰਡ ਡਾਕ ਰਾਹੀਂ ਸਕੱਤਰ, ਪੰਜਾਬ ਵਿਧਾਨ ਸਭਾ ਨੂੰ ਪਹੁੰਚ ਜਾਣੀਆਂ ਚਾਹੀਦੀਆਂ ਹਨ। ਮਿਤੀ 19 ਮਾਰਚ, 2025 ਨੂੰ 2.00 ਵਜੇ ਬਾਅਦ ਦੁਪਹਿਰ ਸਕੱਤਰ ਸਾਹਿਬ ਜੀ ਦੇ ਕਮਰੇ ਵਿੱਚ ਇਹ ਕੁਟੇਸ਼ਨਾਂ ਖੋਲ੍ਹ ਦਿੱਤੀਆਂ ਜਾਣਗੀਆਂ। ਕੁਟੇਸ਼ਨਾਂ ਸਬੰਧੀ ਕੋਈ ਫੈਸਲਾ ਲੈਣ ਦਾ ਆਖਰੀ ਅਧਿਕਾਰ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਦਾ ਰਾਖਵਾਂ ਹੋਵੇਗਾ।